# ਜਗਤ ਗੀਰੀ ਤੇ ਪੰਜਾਬੀ ਕੌਮ

ਮਸਊਦ ਖ਼ਾਲਿਦ
(ਪਾਕਪੱਤਨ)

ਪੰਜਾਬੀ ਕੌਮ ਦੇ ਸਵਾਲ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਉਹ ਇਸ ਲਈ ਕੇ ਕੌਮੀ ਰਿਆਸਤ ਦੇ ਯੋਰਪੀ ਤਜਰਬੇ ਤੋਂ ਇਹ ਮਿੱਥ ਲਿਆ ਗਿਆ ਹੈ ਕਿ ਜਦੋਂ ਕਿਸੇ ਕੌਮ ਵਿਚ ਕੌਮੀ ਸ਼ਊਰ ਪੈਦਾ ਹੋ ਜਾਵੇ ਤਾਂ ਉਹ ਇਕ ਆਜ਼ਾਦ ਰਿਆਸਤ ਵਲ ਟੁਰ ਪੈਂਦੀ ਹੈ। ਇਹ ਸ਼ੱਕ ਉਹਨਾਂ ਸੂਝਵਾਨਾਂ ਦੇ ਜ਼ਿਹਨ ਵਿਚ ਉਦੋਂ ਤੀਕਰ ਗੱਡਿਆ ਰਹੇਗਾ ਜਿਨ੍ਹਾਂ ਦੀ ਸੋਚ ਦੀ ਯੋਰਪੀ ਬੁਨਤਰ ਵਿਚ ਕੌਮੀ ਰਿਆਸਤ ਤੇ ਰਿਆਸਤੀ ਕੌਮ ਤੋਂ ਅੱਡ ਕੌਮ ਦੇ ਕਿਸੇ ਹੋਰ ਤਿਸੱਵਰ ਦੀ ਥਾਂ ਨਹੀਂ ਬਣਦੀ। ਕਿਉਂਜੋ ਉਹਨਾਂ ਦੀ ਸੋਚ ਦੇ ਚੌਖਟੇ ਵਿਚ ਰਿਆਸਤ ਨੂੰ ਮੋਹਰੇ ਜ਼ਿਹਨ ਵਿਚ ਰਖਿਆਂ ਬਿਨਾਂ ਕੌਮ ਦਾ ਟਕਸਾਲੀ

ਤਿਸੱਵਰ ਮੁਮਕਿਨ ਨਹੀਂ। ਇਸ ਲਈ ਸਾਨੂੰ ਥੋੜਾ ਜਿਹਾ ਰਿਆਸਤ ਤੇ ਕੌਮ ਦੇ ਯੋਰਪੀ ਤਿਸੱਵਰ ਦਾ ਨਖੇੜਾ ਕਰਨਾ ਪਵੇਗਾ। ਅਠ੍ਹਾਰਵੀਂ ਸਦੀ ਤੋਂ ਪਹਿਲਾਂ ਸ਼ਾਇਦ ਹੀ ਕਦੀ ਮਿਹਕੂਮਾਂ ਨੇਂ ਆਪਣੀ ਤੇ ਆਪ ਉਤੇ ਹਾਕਮਾਂ ਦੀ ਕੌਮ ਬਾਰੇ ਕੋਈ ਚਿੰਤਾ ਕੀਤੀ ਹੋਵੇ।

ਇਹ ਤਾਂ ਯੋਰਪ ਵਿਚ ਸਰਮਾਯਾਦਾਰੀ ਇਨਕਲਾਬ ਦੇ 1780 ਤੋਂ 1871ਤਕਦੇ ਦੌਰ ਵਿਚ ਜਾਗੀਰਦਾਰਾਂ ਦੇ ਰਜਵਾੜੇ ਮੁਕਾ ਕੇ ਪੈਦਾਵਾਰੀ ਤਾਕਤਾਂ ਨੂੰ ਕੌਮੀ ਮੰਡੀ ਦੀ ਨੀਂਹ ਤੇ ਪਰਵਾਨ ਚੜ੍ਹਾਵਨ ਲਈ ਮੁਲਕਾਂ ਦੀਆਂ ਰੇਖਾਵਾਂ ਲੀਕੀਆਂ ਗਈਆਂ ਤੇ ਕੌਮੀ ਰਿਆਸਤਾਂ ਵਜੂਦ ਵਿਚ ਆਈਆਂ। ਸੋਲ੍ਹਵੀਂ ਸਦੀ ਵਿਚ ਯੋਰਪ ਵਿਚ 500 ਰਿਆਸਤਾਂ ਸਨ। 1913ਵਿਚ ਦੁਨੀਆਂ ਦੇ ਤਰਾਸੀ ਫ਼ੀ ਸਦ ਇਲਾਕੇ ਤੇ ਸਰਮਾਯਾਦਾਰੀ ਦਾ ਕਬਜ਼ਾ ਸੀ ਤੇ ਫ਼ੇਰ 1923 ਤੀਕਰ ਨਿਰਾ 23 ਰਿਆਸਤਾਂ ਰਹਿ ਗਈਆਂ। 1940 ਵਿਚ ਦੁਨੀਆਂ ਵਿਚ 40 ਮੁਲਕ ਸਨ ਤੇ ਅਜ 210 ਮੁਲਕ ਨੇਂ। ਪ੍ਰ ਅਨੀਸ ਆਲਮ ਲਿਖਦੇ ਨੇਂ ਕਿ ਬੰਗਾਲ ਵਿਚ ਮੰਡੀ ਮੱਲ ਯੁਗ ਦੇ ਮੁੱਢ ਵਿਚ ਜੇ ਫ਼ਰਾਂਸੀਸੀ ਅੰਗਰੇਜ਼ਾਂ ਕੋਲੋਂ ਜੰਗ ਜਿੱਤ ਜਾਂਦੇ ਤੇ ਇੰਜ ਸਮਝੋ ਕੇ ਦੱਖਣੀ ਹਿੰਦੁਸਤਾਨ

ਫ਼ਰਾਂਸੀਸੀਆਂ ਦੇ ਕਬਜ਼ੇ ਵਿਚ ਹੋਂਦਾ ਤੇ ਉਤਰੀ ਹਿੰਦੁਸਤਾਨ ਅੰਗਰੇਜ਼ਾਂ ਦੇ ਕਬਜ਼ੇ ਵਿਚ ਹੁੰਦਾ ਤੇ ਇਹਨਾਂ ਦੋਹਾਂ ਦੇਸ਼ਾਂ ਦੀਆਂ ਸਰਕਾਰੀ ਬੋਲੀਆਂ ਫ਼ਰਾਂਸੀਸੀ ਤੇ ਅੰਗਰੇਜ਼ੀ ਹੁੰਦੀਆਂ। ਕਾਲੂਨੀ ਢੈਹ ਜਾਵਣ ਮਗਰੋਂ ਦਖਣੀ ਹਿੰਦੁਸਤਾਨ ਦਰਾਵੜਸਤਾਨ ਅਖਵਾਂਦਾ ਤੇ ਅੱਜ ਉਥੋਂ ਦੇ ਸੂਝਵਾਨ ਕਿਤਾਬਾਂ ਲਿਖ ਲਿਖ ਇਹ ਪੱਕ ਕਰਵਾਵਣ ਤੇ ਜੁੱਟੇ ਹੁੰਦੇ ਕਿ ਦੱਖਣ ਤਾਂ ਅਜ਼ਲੋਂ ਈ ਵੱਖ ਬੋਲੀ ਸਭਿਅਚਾਰ ਤੇ ਸੀਹਾਨ ਰਖਦਾ ਸੀ ਇਸੇ ਤਰਾਂ ਜੇ ਨੇਪਾਲ ਨੂੰ ਬਰਤਾਨਵੀ ਹਿੰਦੁਸਤਾਨ ਵਿਚ ਸ਼ਾਮਲ ਕਰ ਲੈਂਦੇ ਤਾਂ ਵਖਰੀ ਨੇਪਲੀ ਕੌਮ ਦਾ ਵਜੂਦ ਨਾਂ ਹੁੰਦਾ। ਸਿੱਟਾ ਇਹ ਨਕਲਿਆ ਕੇ ਰਿਆਸਤ ਤੇ ਕੌਮ ਕੋਈ ਪਵਿੱਤਰ ਅਸਮਾਨੀ ਤਿਸੱਵਰ ਨਹੀਂ ਨੇਂ। ਇਹ ਤਾਂ ਵੇਲੇ ਦੇ ਨਾਲ ਨਾਲ ਜੰਮਦੀਆਂ ਸਮਾਜੀ ਤੇ ਮੁਆਸ਼ੀ (ਆਰਥਕ) ਲੋੜਾਂ ਮੂਜਬ ਉਸਰਦੇ ਢੈਹੰਦੇ ਟੁਰੇ ਜਾਂਦੇ ਨੇਂ। ਯੋਰਪ ਦੀਆਂ ਕੌਮੀ ਤਹਿਰੀਕਾਂ ਨੇਂ ਦੁਨੀਆ ਦੀਆਂ ਮੰਡੀਆਂ ਤੇ ਕਬਜ਼ੇ ਕਰਵਾਏ ਤੇ ਮਕਬੂਜ਼ਾ ਮੁਲਕਾਂ ਵਿਚ ਆਜ਼ਾਦੀ ਲਈ ਜਿਹੜੀਆਂ ਤਹਿਰੀਕਾਂ ਚੱਲੀਆਂ ਉਹ ਵੀ ਕੌਮੀ ਤਹਿਰੀਕਾਂਸਨ। ਫ਼ੇਰ ਜਿਹੜੀਆਂ ਰਿਆਸਤਾਂ ਆਜ਼ਾਦ ਹੋਈਆਂ ਉਹਨਾਂ ਆਪਣਾ ਸਾਰਾ ਜ਼ੋਰ ਰਿਆਸਤੀ ਕੌਮ ਬਨਾਵਣ ਤੇ ਲਾ ਦਿੱਤਾ। ਬਜਾਏ ਇਸ ਦੇ ਕਿ ਉਹ ਆਪਣੀ ਕੌਮ ਦੀ ਉਸਾਰੀ ਕੌਮ ਨੂੰ ਆਪਣੇ ਪੈਰਾਂ ਤੇ ਖੜੇ ਕਰਨ ਵਾਲੀ ਮਈਸ਼ਤ ਨਾਲ ਕਰਦੇ ਉਲਟਾ ਉਹਨਾਂ ਕੌਮ ਦੀ ਵੱਡ ਗਿਣਤੀ ਭੁਖ ਗ਼ਰੀਬੀ ਅਣਪੜ੍ਹਤਾ ਤੇ ਇਲਾਜ ਤੋਂ ਵਾਂਝਿਆਂ ਰਖ ਕੇ ਸਾਰੇ ਵਸੀਲੇ ਰੇਖਾਵਾਂ ਦੀ ਰਾਖੀ ਲਈ ਅਸਲਾ ਖ਼ਰੀਦਣ

ਤੇ ਫ਼ੌਜਾਂ ਨੂੰ ਤਕੜਿਆਂ ਕਰਨ ਤੇ ਲਾ ਦਿੱਤੇ। ਇਹਨਾਂ ਰੇਖਾਵਾਂ ਦੀ ਰਾਖੀ ਲਈ ਜਾਨ ਵਾਰਨ ਨੂੰ ਜ਼ਿੰਦਗੀ ਦਾ ਮਕਸਦ ਬਨਾਵਣ ਦੇ ਜਜ਼ਬੇ ਤੇ ਕੌਮ ਦੀਆਂ ਸੋਚਾਂ ਦੀ ਉਸਾਰੀ ਕੀਤੀ।ਹੁਣ ਸੂਰਤਹਾਲ ਇਹ ਹੈ ਕਿ ਪੈਦਾਵਾਰੀ ਜ਼ਰੀਏ ਮੁਲਕਾਂ ਦੀਆਂ ਰੇਖਾਵਾਂ ਤੋੜ ਚੁੱਕੇ ਨੇਂ।ਮਲਟੀਨੈਸ਼ਨਲ ਕੰਪਨੀਆਂ ਮੁਲਕਾਂ ਦੀਆਂ ਰੇਖਾਵਾਂ ਨੂੰ ਆਪਣੇ ਵਧਣ ਫੁਲਣ ਵਿਚ ਅੜਿੱਕਾ ਸਮਝਦੀਆਂ ਨੇਂ।ਦੁਨੀਆ ਦੇ ਸਾਰੇ ਮੁਲਕਾਂ ਨੂੰ ਇਕ ਜਗਤ ਮੰਡੀ ਨਾਲ ਜੋੜਿਆ ਜਾ ਰਿਹਾ ਹੈ ਜਗਤ ਸਰਮਾਏ ਅੱਗੇ ਰੇਖਾਵਾਂ ਬੇਮਾਨੀ ਹੋ ਗਈਆਂ ਨੇਂ ਇਸ ਲਈ ਰਿਆਤੀ ਕੌਮ ਤੋ ਕੌਮੀ ਰਿਆਸਤ ਨੂੰ ਸਮਾਜ ਦੇ ਵਿਕਾਸ ਦੀ ਆਖ਼ਰੀ ਮੰਜ਼ਿਲ ਸਮਝਣ ਵਾਲਿਆਂ ਨੂੰ ਆਪਣੇ ਵਿਚਾਰਾਂ ਨੂੰ ਮੁੜ ਕੇ ਘੋਖਣ ਦੀ ਲੋੜ ਹੈ।ਕਿਉਂਕਿ ਹੁਣ ਤਾਂ ਯੋਰਪ ਵਾਲਿਆਂ ਆਪ ਯੋਰਪੀ ਯੂਨੀਅਨ ਬਣਾ ਕੇ ਮਨ ਲਿਆ ਐ ਕਿ ਸਰਮਾਏ ਦੇ ਜਗਤ ਖਿਲਾਰ ਅੱਗੇ ਕੌਮੀ ਰਿਆਸਤ ਦੀ ਕੋਈ ਹੈਸੀਅਤ ਨਹੀਂ ਇਸ ਗਲ ਨਾਲ ਬਹਿਸ ਨਹੀਂ ਕਿ ਯੋਰਪੀ ਯੂਨੀਅਨ ਬਣਨ ਦੇ ਬਾਵਜੂਦ ਕੌਮੀ ਰਿਆਸਤ ਹਾਲੇ ਮੁੱਕੀ ਨਹੀਂ।ਪਰ ਹੁਣ ਕੌਮੀ ਰਿਆਸਤ ਉਸ ਸ਼ਿਖਰ ਤੇ ਵੀ ਨਹੀਂ ਰਹੀ।ਕੌਮੀ ਰਿਆਸਤਾਂ ਦੇ ਇਖ਼ਤਿਆਰ ਹੁਣ ਸੁੰਗੜਦੇ ਜਾਂਦੇ ਪਏ ਹਨ।ਸਮਝਿਆ ਜਾਂਦਾ ਹੈ ਕਿ ਜਗਤ ਗੀਰੀ ਦੁਨੀਆ ਨੂੰ ਇਕ ਜਗਤ ਮੰਡੀ ਨਾਲ ਜੋੜਨ ਦੇ ਨਾਲ ਨਾਲ ਵਖੋ ਵਖ ਸਮਾਜੀ ਹੋਂਦਾਂ ਦੀ ਵੰਨਸੁਵੰਨਤਾ ਮੁਕਾ ਕੇ ਉਹਨਾਂ ਨੂੰ ਇੱਕੋ ਨੱਕੇ ਵਿਚੋਂ ਲੰਘਾਵਣ ਦਾ ਜਤਨ ਹੈ।ਕੀ ਪੰਜਾਬੀ ਕੌਮ ਦਾ ਸਵਾਲ ਜਗਤ ਗੀਰੀ ਦੇ ਵੰਨਸੁਵੰਨਤਾ ਮੁਕਾਵਨ ਦੇ ਅਮਲ ਵਿਰੋਧੀ ਆਪਣੀ ਹੋਂਦ ਬਚਾਵਨ ਲਈ ਉਭਰਿਆ ਏ?ਯਾ ਕੀ ਪੰਜਾਬੀ ਕੌਮ ਕੋਈ ਮੁਆਸ਼ੀ ਇਕਾਈ ਹੈ ਜਿਹੜੀ ਜਗਤ ਮੰਡੀ ਵਿਚ ਹਿੱਸੇ ਦਾਰ ਬਨਣ ਲਈ ਆਪ ਵੱਲ ਧਿਆਨ ਕਰਵਾਨ ਲਈ ਆਪਦੀ ਵੱਖਰੀ ਸੂੰਹ ਸਿਹਾਨ ਕਰਵਾ ਰਹੀ ਹੈ? ਜੇ ਦੋਵੇਂ ਗੱਲਾਂ ਨਹੀਂ ਤੇ ਫ਼ਿਰ ਅਜ ਪੰਜਾਬੀ ਕੌਮ ਦਾ ਸਵਾਲ ਕੀ ਹੈ?

ਕੌਮ ਹੋਵਣਾ ਇਕ ਗਲ ਹੈ ਤੇ ਕੌਮ ਦੇ ਜੀਆਂ ਵਿਚ ਇਸ ਸ਼ਊਰ ਦਾ ਹੋਵਣ ਕਿ ਉਹ ਇਕ ਕੌਮ ਨੇਂ ਦੂਜੀ ਗਲ ਹੈ।ਕੀ ਪੰਜਾਬੀ ਕੌਮਵਿਚ ਕੌਮ ਹੋਵਣ ਦਾ ਸ਼ਊਰ ਹੈ? ਇਹਦੇ ਵਾਸਤੇ ਸਾਨੂੰ ਕਿਸੇ ਕੌਮ ਵਿਚ ਕੌਮ ਬਨਣ ਦੇ ਅਮਲ ਨੂੰ ਵੇਖਨਾਂ ਪਵੇਗਾ।ਕਿਸੇ ਰੁਖ ਨੂੰ ਛਾਂਗਣ ਸੋਧਨ ਸੰਵਾਰਨ ਇਸ ਲਈ ਕਿ ਨਵੀਆਂ ਲਗਰਾਂ ਫੁੱਟਨ ਨਵੀਆਂ ਡੋਡੀਆਂ ਨਿਸਰਨ ਤੇ ਬੂਟਾ ਮਾਕਲ ਦੀ ਮਰਜ਼ੀ ਹੇਠ ਵਾਧੇ ਪਵੇ ਨੂੰ ਅਰਬੀ ਬੋਲੀ ਵਿਚ ਤਹਿਜ਼ੀਬ ਆਖਦੇ ਨੇਂ ਇਸ ਲਈ ਉਸ ਵੱਸੋਂ ਨੂੰ ਵੀ ਤਹਿਜ਼ੀਬ ਆਖਿਆ ਜਾਂਦਾ ਹੈ ਜਿਹੜੀ ਇਕੋ ਜੇਹੀ ਬੋਲੀ ਰਲਵਾਂ ਮਿਲਵਾਂ ਪਹਿਰਾਵਾ ਇਕੋ ਜੇਹੀ ਜੀਵਨ ਜਾਚ ਤੇ ਵਸੇਬੀ ਮੋਂਚਿਆਂ ਮੂਜਬ ਨਵੀਂ ਨਸਲ ਦੀ ਸ਼ਖ਼ਸੀਅਤ ਨੂੰ ਛਾਂਗ ਕੇ ਆਪਣੇ ਵਰਗਾ ਕਰ ਲਵੇ।ਅਰਬੀ ਫ਼ਾਰਸੀ ਦੀ ਤਹਿਜ਼ੀਬ ਪੰਜਾਬੀ ਦੇ ਵਸੇਬ ਦੇ ਸਾਵੇਂ ਹੈ ਤੇ ਅੰਗਰੇਜ਼ੀ ਦੀ ਸਿਵੀਲਾਈਜ਼ੇਸ਼ਨ ਪੰਜਾਬੀ ਦੇ ਵਸੇਬ ਦੀ ਰਹਿਤਲ ਦੇ ਸਾਵੇਂ ਹੈ।ਵੱਸੋਂ ਨੂੰ ਵਸੇਬ ਬਨਣ ਤੇ ਵਸੇਬ ਨੂੰ ਰਹਿਤਲ ਬਨਣ ਵਿਚ ਕਈ ਸੌ ਵਰ੍ਹੇ ਲਗਦੇ ਨੇਂ।ਵੱਸੋਂ ਨੂੰ ਵਸੁਬ ਬਨਾਂਦੀ ਹੈ ਸਾਡੀ ਜੀਵਨ ਜਾਚ ਤੇ ਵਸੇਬ ਨੂੰ ਰਹਿਤਲ ਬਣਾਂਉਦੀ ਹੈ ਸਾਡੀ ਵਿਚਾਰ ਜਾਚ।ਜੀਵੇਂ ਰੁਖ ਨੂੰ ਛਾਂਗਨ ਦਾ ਉਜ਼ਾਰ ਹੈ ਕੁਹਾੜੀ ਇਂਜ ਈ ਵੱਸੋਂ ਨੂੰ ਵਸੇਬ ਤੇ ਵਸੇਬ ਨੂੰ ਰਹਿਤਲ ਬਨਾਵਣ ਦਾ ਉਜ਼ਾਰ ਹੈ ਬੋਲੀ।ਬੋਲੀ ਵਸੇਬੀ ਤਜਰਬੇ ਨਾਲ ਬਣਦੀ ਹੈ ਖ਼ਿਆਲੀ ਖਰੜੇ ਬਣਾਉਂਦੀ ਹੈ ਤੇ ਨਵੀਂ ਨਸਲ ਦੇ ਖ਼ਿਆਲਾਂ ਨੂੰ ਆਪ ਵਰਗਾ ਬਣਾਉਂਦੀ ਹੈ।ਬੋਲੀ ਦਾ ਕੋਈ ਧਰਮ ਨਹੀਂ ਹੁੰਦਾ। ਇਕ ਧਰਮ ਦੇ ਲੋਕ ਕਈ ਬੋਲੀਆਂ ਬੋਲਣ ਵਾਲੇ ਹੋ ਸਕਦੇ ਨੇਂ ਤੇ ਇਕ ਬੋਲੀ ਬੋਲਣ ਵਾਲਿਆਂ ਦੇ ਕਈ ਧਰਮ ਹੋ ਸਕਦੇ ਨੇਂ।ਬੋਲੀ ਦਾ ਦੇਸ਼ ਹੁੰਦਾ ਏ ਕਲਚਰ ਹੁੰਦਾ ਏ।ਦਰਸ਼ਨ ਹੁੰਦਾ ਏ।ਕੌਮ ਦੇ ਬਨਣ ਦਾ ਅਮਲ ਆਪਣੀ ਸੀਹਾਨ ਤੋਂ ਸ਼ੁਰੂ ਹੁੰਦਾ ਏ।ਕੋਈ ਜੀਅ ਜੇ ਆਪ ਨੂੰ ਧਰਤੀ ਤੇ ਇਲਾਕੇ ਨਾਲ ਸੀਆਣਦਾ ਹੈ ਯਾਂ ਆਪਣੀ ਸੀਹਾਨ ਧਰਮ ਨਾਲ ਰਖਦਾ ਹੈ ਯਾ ਬੋਲੀ ਨਾਲ।ਪੰਜਾਬੀ ਕੌਮ ਇਕੋ ਬੋਲੀ ਇਕੋ ਸਭਿਆਚਾਰ ਇਕੋ ਦਰਸ਼ਨ ਕਰ ਕੇ ਇਕ ਕੌਮ ਹੈ।ਜਗਤ

ਗੀਰੀ ਦਾ ਇੱਕੋ ਲਾਭ ਪੰਜਾਬੀ ਕੌਮ ਉਠਾ ਸਕਦੀ ਹੈ।ਉਹ ਹੈ ਕਮਿਊਨੀਕੇਸ਼ਨ ਦਾ ਲਾਭ।ਪੰਜਾਬੀ ਬੋਲੀ ਬੋਲਣ ਵਾਲਾ ਭਾਵੇਂ ਕੇਨੇਡਾ ਬੈਠਾ ਹੋਵੇ ਭਾਵੇਂ ਆਸਟਰੇਲੀਆ। ਭਾਰਤ ਵਿਚ ਹੋਵੇ ਯਾ ਪਾਕਿਸਤਾਨ ਵਿਚ ਕਮਿਊਨੀਕੇਸ਼ਨ ਦੀ ਜਗਤ ਗੀਰੀ ਨਾਲ ਇਕ ਦੂਜੇ ਦੇ ਨੇੜੇ ਹੋ ਗਿਆ ਹੈ ।ਇਹ ਨੇੜ ਪੰਜਾਬੀ ਕੌਮ ਦੀ ਉਸਾਰੀ ਵਿਚ ਸਹਾਇਕ ਹੋਵੇ ਗੀ।ਕਿਸੇ ਬੀਜ ਨੂੰ ਜੇ ਭੜੋਲੇਆਂ ਵਿਚ ਕਈ ਸਾਲ ਰੱਖੋ ਤਾਂ ਉਵੇਂ ਬੇ ਜਾਨ ਪਿਆ ਰਹਿੰਦਾ ਹੈ ਤੇ ਜੇ ਧਰਤੀ ਵਿਚ ਗੱਡ ਦਿਉ ਤਾਂ ਪੁੰਗਰਦਾ ਵਧਦਾ ਹੈ ।ਪੰਜਾਬੀ ਕੌਮ ਦਾ ਬੀਜ ਹੁਣ ਪੰਜਾਬੀਆਂ ਦੀ ਵਿਚਾਰ ਧਰਤੀ ਵਿਚ ਗੱਡਿਆ ਗਿਆ ਹੈ ਹੁਣ ਇਹਨੂੰ ਵਧਣ ਤੋਂ ਕੋਈ ਨਹੀਂ ਰੋਕ ਸਕਦਾ।